(This Question paper contains 2 printed pages) Roll No. _________

S.No. of Question Paper : **13107**
Unique Paper Code : 2123102007
Name of the Paper : Punjabi Khed Sahit
Type of Paper : DSE
Semester : VII
Programme : Punjabi
Duration : 3 Hrs. Maximum Marks: 90

**Instructions for Candidates**

**ਨੋਟ: ਸਾਰੇ ਭਾਗ ਕਰਨੇ ਜ਼ਰੂਰੀ ਹਨ।**

## ਭਾਗ ਪਹਿਲਾ

1. ਪੰਜਾਬੀ ਖੇਡ ਸਾਹਿਤ ਦੇ ਨਿਕਾਸ ਅਤੇ ਵਿਕਾਸ ਬਾਰੇ ਵਿਸਥਾਰ ਸਹਿਤ ਵਰਣਨ ਕਰੋ। **15**

**ਜਾਂ**

ਸਮਾਜਕ ਏਕਤਾ ਅਤੇ ਟੀਮਵਰਕ ਦੀ ਨਿਰਮਾਣ-ਪ੍ਰਕਿਰਿਆ ਵਿਚ ਖੇਡਾਂ ਦੇ ਯੋਗਦਾਨ ਬਾਰੇ ਵਿਸਥਾਰ ਸਹਿਤ ਚਰਚਾ ਕਰੋ।

## ਭਾਗ ਦੂਜਾ

2. ਰੇਖਾ ਚਿੱਤਰ 'ਫਲਾਇੰਗ ਸਿੱਖ ਮਿਲਖਾ ਸਿੰਘ' ਦੇ ਆਧਾਰ 'ਤੇ ਵਿਚ ਮਿਲਖਾ ਸਿੰਘ ਦੇ ਖੇਡ ਪ੍ਰਤੀ ਜਨੂਨ, ਅਨੁਸ਼ਾਸਨ ਅਤੇ ਮਨੋਵਿਗਿਆਨਕ ਦ੍ਰਿੜਤਾ ਨੂੰ ਕਿਵੇਂ ਚਿੱਤਰਿਤ ਕੀਤਾ ਗਿਆ ਹੈ? ਉਦਾਹਰਣਾਂ ਸਹਿਤ ਸਮਝਾਓ ਕਿ ਲੇਖਕ ਨੇ ਰੇਖਾ ਚਿੱਤਰ ਵਿਚ ਮਿਲਖਾ ਸਿੰਘ ਦੀ ਸ਼ਖ਼ਸੀਅਤ ਨੂੰ ਕਿਹੜੇ ਤਰੀਕੇ ਨਾਲ ਪ੍ਰਭਾਵਸ਼ਾਲੀ ਬਣਾਇਆ ਹੈ। **15**

**ਜਾਂ**

ਰੇਖਾ-ਚਿੱਤਰ 'ਪੰਜਾਬ ਦਾ ਪੇਲੇ ਜਰਨੈਲ ਸਿੰਘ ਪਨਾਮ' ਵਿਚ ਪਨਾਮ ਦੀ ਖਿਡਾਰੀ-ਸ਼ਖ਼ਸੀਅਤ, ਖੇਡ ਪ੍ਰਤੀ ਸਮਰਪਣ ਅਤੇ ਸੰਘਰਸ਼-ਪ੍ਰਕਿਰਿਆ ਨੂੰ ਕਿਵੇਂ ਚਿੱਤਰਿਤ ਕੀਤਾ ਗਿਆ ਹੈ? ਉਦਾਹਰਣਾਂ ਸਹਿਤ ਦੱਸੋ ਕਿ ਲੇਖਕ ਨੇ ਕਿਹੜੇ ਸਾਹਿਤਕ ਤੱਤਾਂ ਨਾਲ ਇਹ ਰੇਖਾ-ਚਿੱਤਰ ਪ੍ਰਭਾਵਸ਼ਾਲੀ ਬਣਾਇਆ ਹੈ।

3. ਰੇਖਾ ਚਿੱਤਰ 'ਹਾਕੀ ਦਾ ਗੋਲ ਕਿੰਗ ਬਲਬੀਰ ਸਿੰਘ' ਵਿਚ ਬਲਬੀਰ ਸਿੰਘ ਦੇ ਸੁਭਾਵ, ਅਨੁਸ਼ਾਸਨ ਅਤੇ ਖਿਡਾਰੀ-ਰੂਹ ਦਾ ਕਿਵੇਂ ਵਰਣਨ ਕੀਤਾ ਗਿਆ ਹੈ? ਸੰਖੇਪ ਅਤੇ ਸਪਸ਼ਟ ਵਿਸ਼ਲੇਸ਼ਣ ਕਰੋ। **10**

**ਜਾਂ**

ਰੇਖਾ ਚਿੱਤਰ 'ਕਿਆ ਬਾਤਾਂ ਬਾਬਾ ਫੌਜਾ ਸਿੰਘ ਦੀਆਂ' ਵਿਚ ਬਾਬਾ ਫੌਜਾ ਸਿੰਘ ਦੇ ਵਿਅਕਤੀਗਤ ਸੁਭਾਵ ਨੂੰ ਕਿਵੇਂ ਦਰਸਾਇਆ ਗਿਆ ਹੈ? ਸਪਸ਼ਟ ਰੂਪ ਵਿਚ ਜਾਣਕਾਰੀ ਦਿਓ।

## ਭਾਗ ਤੀਜਾ

4. ਕਰਤਾਰ ਸਿੰਘ ਦੁੱਗਲ ਦੀ ਕਹਾਣੀ 'ਜਦੋਂ ਢੋਲ ਵੱਜਦਾ ਹੈ' ਵਿਚ ਖਿਡਾਰੀ ਦੇ ਮਨੋਵਿਗਿਆਨ, ਦ੍ਰਿੜਤਾ ਅਤੇ ਸਹਿਯੋਗ ਦੀ ਭੂਮਿਕਾ ਦਾ ਜਾਇਜ਼ਾ ਦਿਓ। **15**

**ਜਾਂ**

ਬਲਵੰਤ ਗਾਰਗੀ ਨੇ ਕਹਾਣੀ 'ਸੌ ਮੀਲ ਦੀ ਦੌੜ' ਵਿਚ ਸਫ਼ਲਤਾ ਅਤੇ ਸੰਘਰਸ਼ ਦੇ ਮੁੱਖ ਤੱਤਾਂ ਨੂੰ ਕਿਵੇਂ ਦਰਸਾਇਆ ਹੈ? ਉਦਾਹਰਣਾਂ ਸਹਿਤ ਸਪਸ਼ਟ ਕਰੋ ਕਿ ਖੇਡ ਅਤੇ ਜੀਵਨ ਅਨੁਭਵ ਕਿਵੇਂ ਆਪਸ ਵਿਚ ਜੁੜੇ ਹਨ।

5. ਭਗਵੰਤ ਰਸੂਲਪੁਰੀ ਦੀ ਕਹਾਣੀ 'ਰਵੀ ਡਿਫੈਂਡਰ' ਦੇ ਮੁੱਖ ਪਾਤਰ ਦੀ ਦ੍ਰਿੜਤਾ, ਹੌਸਲਾ ਅਤੇ ਸਮਰਪਣ ਨੂੰ ਸੰਖੇਪ ਵਿਚ ਬਿਆਨ ਕਰੋ। **10**

**ਜਾਂ**

ਪ੍ਰਿੰ. ਸਰਵਨ ਸਿੰਘ ਦੀ ਕਹਾਣੀ 'ਆਖਰੀ ਕਬੱਡੀ' ਦੇ ਮੁੱਖ ਪਾਤਰ ਅਤੇ ਉਸ ਦੀ ਕਬੱਡੀ ਖੇਡ ਪ੍ਰਤੀ ਦ੍ਰਿੜਤਾ, ਹੌਸਲਾ ਅਤੇ ਸਮਰਪਣ ਨੂੰ ਸੰਖੇਪ ਵਿੱਚ ਬਿਆਨ ਕਰੋ।

**ਭਾਗ ਚੌਥਾ**

6. 'ਗੋਲਡਨ ਪੰਚ' ਨਾਵਲ ਵਿੱਚ ਟੀਮ ਵਰਕ, ਪ੍ਰੇਰਣਾ ਅਤੇ ਖਿਡਾਰੀ ਦੇ ਆਤਮ-ਵਿਕਾਸ ਦੇ ਪਾਠਾਂ ਦਾ ਵਿਸ਼ਲੇਸ਼ਣ ਕਰੋ। ਉਦਾਹਰਣਾਂ ਸਹਿਤ ਦੱਸੋ ਕਿ ਇਹ ਵਿਸ਼ਾ ਪੜ੍ਹਨ ਵਾਲੇ ਨੂੰ ਕਿਵੇਂ ਪ੍ਰੇਰਿਤ ਕਰਦਾ ਹੈ। **15**

ਜਾਂ

'ਗੋਲਡਨ ਪੰਚ' ਵਿੱਚ ਲੇਖਕੀ ਤਕਨੀਕਾਂ ਦਾ ਵਿਸ਼ਲੇਸ਼ਣ ਕਰਦੇ ਹੋਏ ਸਪਸ਼ਟ ਕਰੋ ਕਿ, ਕਲਾ-ਪੱਖ ਕਿਵੇਂ ਪਾਠਕਾਂ ਦੀ ਰੁਚੀ ਅਤੇ ਕਹਾਣੀ ਦੇ ਪ੍ਰਭਾਵ ਨੂੰ ਵਧਾਉਂਦਾ ਹੈ?

7. ਨਾਵਲ 'ਗੋਲਡਨ ਪੰਚ' ਵਿਚ ਲੇਖਕ ਨੇ ਪਾਤਰ ਉਸਾਰੀ ਲਈ ਸੰਵਾਦ, ਘਟਨਾ ਚਿਤ੍ਰਣ ਅਤੇ ਲੇਖਕੀ ਸ਼ੈਲੀ ਕਿਵੇਂ ਵਰਤੀ ਹੈ? ਉਦਾਹਰਨਾਂ ਸਹਿਤ ਸੰਖੇਪ ਜਾਣਕਾਰੀ ਦਿਓ। **10**

**ਜਾਂ**

ਨਾਵਲ 'ਗੋਲਡਨ ਪੰਚ' ਦੇ ਆਧਾਰ 'ਤੇ ਲੇਖਕ ਦੀ ਲੇਖਕੀ ਸ਼ੈਲੀ ਅਤੇ ਪਾਤਰ ਵਿਕਾਸ ਦਾ ਆਲੋਚਨਾਤਮਕ ਅਧਿਐਨ ਕਰੋ।